**ਈ.ਟੀ.ਟੀ. ਦਾਖਲੇ ਲਈ ਆਨਲਾਈਨ ਸਟੇਸ਼ਨ ਸਲੈਕਟ ਕਰਨ ਸੰਬੰਧੀ ਕੁੱਝ ਖਾਸ ਹਦਾਇਤਾਂ।**

(***ਮਿਤੀ 06-03-13 ਤੋਂ 16-03-13 ਤੱਕ Stations Choice ਭਰੀ ਜਾ ਸਕਦੀ ਹੈ***)

1) ਸਟੇਸ਼ਨ ਦੀ Choice ਲਈ ett.ssapunjab.org ਵੈਬਸਾਈਟ ਉੱਤੇ ਦਿੱਤੇ ਬਟਨ "SELECT STATIONS" ਉੱਤੇ ਕਲਿਕ ਕਰੋ।

TAKE PRINTOUT SELECT STATIONS

2) ਆਪਣੀ ਨਾਮ, ਜਨਮ ਮਿਤੀ ਅਤੇ ਪਾਸਵਰਡ ਪਾ ਕੇ ਲਾਗਇਨ ਕਰੋ।
3) ਹੇਠਾਂ ਦਰਸਾਈ Screen ਅਨੁਸਾਰ ਆਪਣੇ ਖੱਬੇ ਪਾਸੇ ਤੋਂ Choice ਅਨੁਸਾਰ ਸੱਜੇ ਪਾਸੇ ਨੂੰ ਸਟੇਸ਼ਨ Add ਕਰੋ। ***ਸੱਜੇ ਪਾਸੇ ਵਾਲੇ ਖਾਨੇ ਵਿਚ ਸਭ ਤੋਂ ਉੱਪਰ ਦਰਸਾਇਆ ਸਟੇਸ਼ਨ ਆਪ ਜੀ ਦੀ ਪਹਿਲੀ Choice ਅਤੇ ਸਭ ਤੋਂ ਬਾਅਦ ਵਾਲਾ ਸਟੇਸ਼ਨ ਆਪ ਜੀ ਦੀ ਆਖਰੀ Choice ਸਮਝਿਆ ਜਾਵੇਗਾ***।
4) ਖੱਬੇ ਪਾਸੇ ਤੋਂ ਸੱਜੇ ਪਾਸੇ ਨੂੰ ਸਟੇਸ਼ਨ ਭੇਜਣ ਲਈ ਸਟੇਸ਼ਨ ਉੱਤੇ Double Click ਜਾਂ ਸਟੇਸ਼ਨ ਨੂੰ ਖੱਬੇ ਤੋਂ ਸੱਜੇ Drag ਕਰੋ। ਇਸੀ ਤਰਾਂ ਸੱਜੇ ਪਾਸੇ ਸਟੇਸ਼ਨਾਂ ਨੂੰ Drag ਕਰਕੇ ਉੱਪਰ ਥੱਲੇ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਖੱਬੇ ਪਾਸੇ ਦਿੱਤੇ ਸਟੇਸ਼ਨਾਂ ਸਹਾਮਣੇ ਲੱਗੇ (+) ਸਾਈਨ ਉੱਤੇ ਕਲਿਕ ਕਰਕੇ ਸਟੇਸ਼ਨ ਨੂੰ ਸੱਜੇ ਪਾਸੇ ਵਾਲੇ ਖਾਨੇ ਵਿਚ ਭੇਜਿਆ ਜਾ ਸਕਦਾ ਹੈ। ਇਸੀ ਤਰਾਂ ਸੱਜੇ ਪਾਸੇ ਆਏ ਸਟੇਸ਼ਨਾਂ ਸਹਾਮਣੇ ਲੱਗੇ (-) ਸਾਈਨ ਉੱਤੇ ਕਲਿਕ ਕਰਕੇ ਸਟੇਸ਼ਨ ਨੂੰ ਮੁੜ ਖੱਬੇ ਪਾਸੇ ਵਾਲੇ ਖਾਨੇ ਵਿਚ ਭੇਜਿਆ ਜਾ ਸਕਦਾ ਹੈ।
5) ਸਾਰੇ ਸਟੇਸ਼ਨਾਂ ਨੂੰ ਖੱਬੇ ਪਾਸੇ ਵਾਲੇ ਖਾਨੇ ਤੋਂ ਸੱਜੇ ਪਾਸੇ ਵਾਲੇ ਖਾਨੇ ਵਿਚ Set ਕੀਤਾ ਜਾਵੇ। ਕਹਿਣ ਦਾ ਭਾਵ ਹੈ ਕਿ Choice ਸਾਰੇ ਸਟੇਸ਼ਨਾਂ ਲਈ ਦੇਣਾ ਲਾਜਮੀ ਹੈ। ਖੱਬੇ ਪਾਸੇ ਵਾਲਾ ਖਾਨਾ ਖਾਲੀ ਹੋਣ ਉਪਰੰਤ ਅਤੇ ਸੱਜੇ ਪਾਸੇ ਵਾਲੇ ਖਾਨੇ ਵਿਚ priority ਅਨੁਸਾਰ ਸਟੇਸ਼ਨਾਂ ਨੂੰ ਲਗਾਉਣ ਉਪਰੰਤ ਹੀ Submit Ranking ਬਟਨ ਦਬਾਇਆ ਜਾਵੇ।
6) Submit Ranking ਬਟਨ ਦੱਬਣ ਉਪਰੰਤ ਆਈ Stations Choice List ਨੂੰ ਧਿਆਨ ਨਾਲ ਚੈਕ ਕਰ ਲਵੋ (**ਸਭ ਤੋਂ ਉੱਪਰ ਦਰਸਾਇਆ ਸਟੇਸ਼ਨ ਆਪ ਜੀ ਦੀ ਪਹਿਲੀ Choice ਅਤੇ ਸਭ ਤੋਂ ਬਾਅਦ ਵਾਲਾ ਸਟੇਸ਼ਨ ਆਪ ਜੀ ਦੀ ਆਖਰੀ Choice ਹੋਵੇਗਾ**) । ਜੇਕਰ ਤੁਸੀਂ ਇਸ ਲਿਸਟ ਵਿਚ ਕੁੱਝ ਤਬਦੀਲੀ ਕਰਨਾ ਚਾਹੁੰਦੇ ਹੋ ਤਾਂ EDIT RANKING ਨਾ ਦਾ ਬਟਨ ਦਬਾ ਕੇ ਇਸ ਨੂੰ ਮੁੱੜ ਦਰੁਸਤ ਕਰ ਸਕਦੇ ਹੋ ਅਤੇ ਜੇਕਰ ਤੁਸੀਂ ਇਸ Choice ਲਿਸਟ ਨਾਲ ਸੰਤੁਸ਼ਟ ਹੋ ਤਾਂ CONFIRM RANKING ਨਾ ਦਾ ਬਟਨ ਦਬਾ ਕੇ ਆਪਣੀ Choice ਲਿਸਟ ਨੂੰ save ਕਰ ਦੇਵੋ।
7) ਇੱਕ ਵਾਰ CONFIRM RANKING ਨਾ ਦਾ ਬਟਨ ਦਬਾਉਣ ਉਪਰੰਤ ਅਤੇ ਸਟੇਸ਼ਨ ਲਿਸਟ Confirm ਹੋਣ ਉਪਰੰਤ ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾ ਸਕਦੀ।

ਮਿਤੀ 16-03-2013 ਤੋਂ ਬਾਅਦ ਉਮੀਦਵਾਰਾਂ ਵਲੋਂ ਮੰਗੇ ਸਟੇਸ਼ਨਾਂ ਨੂੰ ਕੰਪਿਉਟਰ ਵਲੋਂ ਮੈਰਿਟ ਅਨੁਸਾਰ ਅਲਾਟ ਕੀਤਾ ਜਾਵੇਗਾ ਅਤੇ ਇਹ ਸਟੇਸ਼ਨ ਅਲਾਟਮੈਂਟ ਦੀ ਸੂਚੀ ਇਸੀ ਵੈਬਸਾਈਟ ਉੱਤੇ ਅਪਲੋਡ ਕੀਤੀ ਜਾਵੇਗੀ।